NB 25/12-2-19

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)/ (ਐ.ਸਿ.),
ਪੰਜਾਬ।

ਮੀਮੋ ਨੰ. 12/67-2018 ਗ੍ਰਾਂਟ ਪੈਨ. - 2(1) / 201949420
ਮਿਤੀ, ਐਸ.ਏ.ਐਸ. ਨਗਰ, 11/2/19

ਵਿਸ਼ਾ - ਅਨ-ਏਡਿਡ ਪ੍ਰਾਈਵੇਟ ਸਕੂਲਾਂ ਵੱਲੋਂ ਫੀਸਾਂ ਲੈਣ ਸਬੰਧੀ ਹਦਾਇਤਾਂ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹੁਣ ਅਨ-ਏਡਿਡ ਪ੍ਰਾਈਵੇਟ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦਾ ਸਮਾਂ ਸ਼ੁਰੂ ਹੋਣ ਜਾ ਰਿਹਾ ਹੈ ਅਤੇ ਇਨ੍ਹਾਂ ਸਕੂਲਾਂ ਦੇ ਵਿੱਚ ਫੀਸਾਂ ਆਦਿ ਨੂੰ ਲੈ ਕੇ ਇਸ ਦਫਤਰ ਨੂੰ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ। ਇਸ ਕਰਕੇ ਆਪਣੇ ਜਿਲ੍ਹੇ ਦੇ ਅਧੀਨ ਪੈਂਦੇ ਸਮੂਹ ਅਨ-ਏਡਿਡ ਪ੍ਰਾਈਵੇਟ ਸਕੂਲਾਂ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ ਕਿ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ -

1. ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨਲ ਇੰਸਟੀਟਿਊਸ਼ਨਜ਼ ਐਕਟ, 2016 ਦੇ ਸੈਕਸ਼ਨ 5 ਅਧੀਨ ਅਨ ਏਡਿਡ ਸਿੱਖਿਆ ਸੰਸਥਾਵਾਂ ਫੀਸ ਨਿਰਧਾਰਤ ਅਤੇ ਵਾਧਾ ਕਰਨ ਲਈ ਸਮਰੱਥ ਹੈ ਪਰੰਤੂ ਫੀਸ ਨਿਰਧਾਰਤ ਕਰਨ ਸਮੇਂ ਉਸ ਵੱਲੋਂ ਐਕਟ ਦੀ ਧਾਰਾ 6(1) ਵਿੱਚ ਦਰਸਾਏ ਨੁਕਤਿਆਂ ਦੇ ਆਧਾਰ ਤੇ ਕੀਤਾ ਜਾਵੇਗਾ, ਜਿਸ ਵਿੱਚ ਸਕੂਲ ਵਿੱਚ ਬੁਨਿਆਦੀ ਢਾਂਚਾ ਅਤੇ ਸੁਵਿਧਾਵਾਂ, ਟੀਚਰ ਅਤੇ ਸਟਾਫ ਨੂੰ ਦਿੱਤੀਆਂ ਜਾਣ ਵਾਲੀ ਤਨਖਾਹਾਂ ਆਦਿ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਨਿਰਧਾਰਿਤ ਫੀਸਾਂ ਵਿੱਚ ਪਿਛਲੇ ਸਾਲ ਦੀਆਂ ਫੀਸਾਂ ਨਾਲੋਂ 8% ਤੋਂ ਵੱਧ ਵਾਧਾ ਕਰਨ ਦੀ ਮਨਾਹੀ ਹੈ। ਫੀਸਾਂ ਨਿਰਧਾਰਤ/ ਵਧਾਉਣ ਸਮੇਂ ਇਹ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਨਾ ਹੀ ਸੰਸਥਾ **profiteering** ਵਿੱਚ ਗਲਤਾਨ ਹੋਵੇਗੀ ਅਤੇ ਨਾ ਹੀ ਕੋਈ ਕੈਪੀਟੇਸ਼ਨ ਫੀਸ ਚਾਰਜ ਕਰੇਗੀ।

2. ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨਲ ਇੰਸਟੀਟਿਊਸ਼ਨਜ ਐਕਟ, 2016 ਦੀ ਧਾਰਾ 2 (**g**) ਵਿੱਚ ਫੀਸ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਿਆ ਗਿਆ ਹੈ ਕਿ ਉਹ ਸਾਰੀ ਰਕਮ, ਜੋ ਅਨ-ਏਡਿਡ ਸਿੱਖਿਆ ਸੰਸਥਾ ਵੱਲੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਵਿਦਿਆਰਥੀਆਂ ਤੋਂ ਸਿੱਖਿਆ ਦੇ ਕਿਸੇ ਵੀ ਸਟੈਂਡਰਡ ਦੇ ਵਿਦਿਅਕ ਕੋਰਸ ਵਿੱਚ ਭਰਤੀ ਲਈ ਵਸੂਲੀ ਜਾਵੇਗੀ, ਨੂੰ ਫੀਸ ਮੰਨਿਆ ਜਾਵੇਗਾ।

3. ਇਸ ਤੋਂ ਇਲਾਵਾ ਵੱਖ ਵੱਖ ਸ਼੍ਰੇਣੀਆਂ ਲਈ ਵਿਦਿਆਰਥੀਆਂ ਕੋਲੋਂ ਵਸੂਲੀ ਜਾਣ ਵਾਲੀ ਨਿਰਧਾਰਤ ਫੀਸ, ਅਨ-ਏਡਿਡ ਐਜੂਕੇਸ਼ਨਲ ਇੰਸਟੀਟਿਊਸ਼ਨ ਦੇ ਪ੍ਰਸ਼ਾਸਨ ਵੱਲੋਂ ਉਕਤ ਐਕਟ ਦੀ ਧਾਰਾ 6(2) ਅਨੁਸਾਰ ਸਕੂਲ ਦੀ ਹਦੂਦ ਅੰਦਰ ਪ੍ਰਤੱਖ ਸਥਾਨ ਤੇ ਡਿਸਪਲੇਅ ਕੀਤੀ ਜਾਵੇਗੀ। ਇਸ ਦੇ ਨਾਲ ਹੀ ਫੀਸ ਵਸੂਲੀ ਦੀ ਸਾਫ ਤੇ ਸਪੱਸ਼ਟ ਰਸੀਦ ਕੱਟ ਕੇ ਸਬੰਧਤ ਦੇ ਹਵਾਲੇ ਕਰੇਗਾ।

4. ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008 ਅਨੁਸਾਰ, ਹਰੇਕ ਅਨ-ਏਡਿਡ ਪ੍ਰਾਈਵੇਟ ਸਕੂਲ ਆਪਣੇ ਸਕੂਲ ਦੇ ਵਿੱਚ ਪੰਜਾਬੀ ਵਿਸ਼ੇ ਨੂੰ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਲਾਜਮੀ ਵਿਸ਼ੇ ਦੇ ਤੌਰ ਤੇ ਪੜ੍ਹਾਉਣਾ ਯਕੀਨੀ ਬਣਾਵੇਗਾ। ਉਲੰਘਣਾ ਦੀ ਸੂਰਤ ਵਿੱਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008 ਦੀ ਧਾਰਾ 8 ਮੁਤਾਬਕ ਇੱਕ ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ ਸੰਸਥਾ ਦੀ ਐਫੀਲੀਏਸ਼ਨ ਵੀ ਰੱਦ ਹੋ ਸਕਦੀ **ਹੈ।**

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)

ਪਿੱਠ ਅੰਕਣ ਨੰ. -ਉਕਤ- ਮਿਤੀ, ਅਜੀਤਗੜ੍ਹ,

ਉਤਾਰਾ ਡੀ.ਪੀ.ਆਈ. (ਐ.ਸਿ.) ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)

ਦਫਤਰ ਜਿਲਾ ਸਿੱਖਿਆ ਅਫਸਰ (ਸੈ:ਸਿ) ਸ੍ਰੀ ਮੁਕਤਸਰ

ਪੱਤਰ ਨੰ ਸੀ-5/2019-456 ਮਿਤੀ 22/2/19

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ/ਮੁੱਖ ਅਧਿਆਪਕ ਸਮੂਹ ਅਣ-ਏਡਿਡ ਪ੍ਰਾਈਵੇਟ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਭਾਗ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

22/2/19

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਸ੍ਰੀ ਮੁਕਤਸਰ ਸਾਹਿਬ
22/2/19